ਗਾਥਾ ਮ: 5 ਦਾ ਭਾਵ

ਸਲੋਕ-ਵਾਰ:

1. ਇਸ ਸਰੀਰ ਦਾ ਮਾਣ ਕਰਨਾ ਮੂਰਖਤਾ ਹੈ ਜਿਸ ਦੇ ਅੰਦਰ ਮੈਲਾ ਹੀ ਮੈਲਾ ਹੈ ਤੇ ਜਿਸ ਨਾਲ ਛੁਹ ਕੇ ਸੁਗੰਧੀਆਂ ਭੀ ਦੁਰਗੰਧੀਆਂ ਬਣ ਜਾਂਦੀਆਂ ਹਨ।

2. ਇਹ ਮਨੁੱਖਾ ਸਰੀਰ ਸਫਲ ਤਦੋਂ ਹੀ ਹੈ ਜੇ ਮਨੁੱਖ ਗੁਰੂ ਦਾ ਆਸਰਾ ਲੈ ਕੇ ਪਰਮਾਤਮਾ ਦਾ ਨਾਮ ਜਪੇ। ਬੜੀਆਂ ਬੜੀਆਂ ਸਿੱਧੀਆਂ ਹਾਸਲ ਕੀਤੀਆਂ ਭੀ ਕਿਸੇ ਕੰਮ ਨਹੀਂ।

3. ਇਸ ਨਾਸਵੰਤ ਜਗਤ ਵਿਚੋਂ ਮਨੁੱਖ ਦੇ ਸਦਾ ਨਾਲ ਨਿਭਣ ਵਾਲੀ ਇਕੋ ਹੀ ਚੀਜ਼ ਹੈ—ਪਰਮਾਤਮਾ ਦੀ ਸਿਫ਼ਤਿ-ਸਾਲਾਹ ਜੋ ਸਾਧ ਸੰਗਤਿ ਵਿਚੋਂ ਮਿਲਦੀ ਹੈ।

4. ਸੁਖ ਭੀ ਇਸ ਸਿਫ਼ਤਿ-ਸਾਲਾਹ ਵਿਚ ਹੀ ਹੈ, ਤੇ, ਇਹ ਮਿਲਦੀ ਹੈ ਗੁਰੂ ਦੀ ਸੰਗਤਿ ਵਿਚ ਰਿਹਾਂ।

5. ਜਿਹੜਾ ਮਨੁੱਖ ਬਾਂਸ ਵਾਂਗ ਸਦਾ ਆਕੜ ਕੇ ਰਹਿੰਦਾ ਹੈ ਉਸ ਨੂੰ ਸਾਧ ਸੰਗਤਿ ਵਿਚੋਂ ਕੁਝ ਭੀ ਨਹੀਂ ਮਿਲਦਾ।

6. ਸਿਫ਼ਤਿ-ਸਾਲਾਹ ਵਿਚ ਬੜੀ ਤਾਕਤ ਹੈ, ਇਸ ਦੀ ਬਰਕਤਿ ਨਾਲ ਮਨੁੱਖ ਦੇ ਅੰਦਰੋਂ ਕਾਮਾਦਿਕ ਪੰਜੇ ਵੈਰੀ ਨਾਸ ਹੋ ਜਾਂਦੇ ਹਨ।

7. ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਸੁਖੀ ਜੀਵਨ ਬਿਤੀਤ ਕਰਦਾ ਹੈ, ਮਨੁੱਖ ਜਨਮ ਮਰਨ ਦੇ ਗੇੜ ਵਾਲੇ ਰਾਹੇ ਨਹੀਂ ਪੈਂਦਾ।

8. ਨਾਮ ਤੋਂ ਵਾਂਜਿਆ ਮਨੁੱਖ ਦੁੱਖ ਸਹਾਰਦਾ ਹੈ ਤੇ ਜੀਵਨ ਅਜਾਈਂ ਗਵਾ ਜਾਂਦਾ ਹੈ।

9. ਸਾਧ ਸੰਗਤਿ ਦੀ ਰਾਹੀਂ ਹੀ ਪਰਮਾਤਮਾ ਦੇ ਨਾਮ ਵਿਚ ਸਰਧਾ ਬਣਦੀ ਹੈ। ਮਨੁੱਖ ਦੀ ਜ਼ਿੰਦਗੀ ਦੀ ਬੇੜੀ ਸੰਸਾਰ-ਸਮੁੰਦਰ ਵਿਚੋਂ ਸਹੀ-ਸਲਾਮਤ ਪਾਰ ਲੰਘ ਜਾਂਦੀ ਹੈ।

10. ਸਾਧ ਸੰਗਤਿ ਵਿਚ ਟਿਕ ਕੇ ਸਿਮਰਨ ਕੀਤਿਆਂ ਦੁਨੀਆ ਦੀਆਂ ਵਾਸਨਾਂ ਜ਼ੋਰ ਨਹੀਂ ਪਾਂਦੀਆਂ। ਸਿਫ਼ਤਿ-ਸਾਲਾਹ ਦੀ ਤਾਕਤ ਦੀ ਕਿਸੇ ਵਿਰਲੇ ਨੂੰ ਸਮਝ ਪੈਂਦੀ ਹੈ।

11. ਗੁਰੂ ਦੇ ਬਚਨ ਕ੍ਰੋੜਾਂ ਪਾਪਾਂ ਦਾ ਨਾਸ ਕਰ ਦੇਂਦੇ ਹਨ। ਇਹਨਾਂ ਬਚਨਾਂ ਉਤੇ ਤੁਰ ਕੇ ਨਾਮ ਸਿਮਰਨ ਵਾਲਾ ਮਨੁੱਖ ਆਪਣੇ ਅਨੇਕਾਂ ਸਾਥੀਆਂ ਦਾ ਉੱਧਾਰ ਕਰ ਲੈਂਦਾ ਹੈ।

12. ਜਿਸ ਥਾਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਰਹੇ, ਉਹ ਥਾਂ ਹੀ ਸੁਹਾਵਣਾ ਹੋ ਜਾਂਦਾ ਹੈ। ਸਿਫ਼ਤਿ-ਸਾਲਾਹ ਕਰਨ ਵਾਲੇ ਬੰਦੇ ਭੀ ਦੁਨੀਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

13. ਪਰਮਾਤਮਾ ਹੀ ਮਨੁੱਖ ਦਾ ਅਸਲ ਸਾਥੀ ਅਸਲ ਮਿੱਤਰ ਹੈ।

14. ਪਰਮਾਤਮਾ ਦਾ ਸਿਮਰਨ ਮਨੁੱਖ ਨੂੰ ਦੁਨੀਆ ਦੇ ਵਿਕਾਰਾਂ ਤੋਂ ਬਚਾ ਲੈਂਦਾ ਹੈ। ਇਹ ਸਿਮਰਨ ਮਿਲਦਾ ਹੈ ਗੁਰੂ ਦੀ ਬਾਣੀ ਦੀ ਰਾਹੀਂ।

15. ਪਰਮਾਤਮਾ ਦੀ ਸਿਫ਼ਤਿ-ਸਾਲਾਹ ਮਨੁੱਖ ਵਾਸਤੇ ਆਤਮਕ ਜੀਵਨ ਹੈ, ਇਹ ਦਾਤਿ ਸਾਧ ਸੰਗਤਿ ਵਿਚੋਂ ਮਿਲਦੀ ਹੈ।

16. ਸਾਧ ਸੰਗਤਿ ਵਿਚ ਟਿਕਿਆਂ ਮਨੁੱਖ ਦੇ ਸਾਰੇ ਆਤਮਕ ਰੋਗ ਦੂਰ ਹੋ ਜਾਂਦੇ ਹਨ।

17. ਗੁਰੂ ਦੀ ਸੰਗਤਿ ਕੀਤਿਆਂ ਹੀ ਪਰਮਾਤਮਾ ਨਾਲ ਪਿਆਰ ਬਣਦਾ ਹੈ।

18. ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਦਾ ਜੀਵਨ ਸੁਖੀ ਹੋ ਜਾਂਦਾ ਹੈ।

19. ਸਾਧ ਸੰਗਤਿ ਵਿਚ ਟਿਕ ਕੇ ਸਿਫ਼ਤਿ-ਸਾਲਾਹ ਕੀਤਿਆਂ ਵਿਕਾਰਾਂ ਤੋਂ ਬਚ ਜਾਈਦਾ ਹੈ।

20. ਧਰਮ-ਪੁਸਤਕਾਂ ਕੇ ਪੜ੍ਹਨ ਤੋਂ ਅਸਲ ਲਾਭ ਇਹੀ ਮਿਲਣਾ ਚਾਹੀਦਾ ਹੈ ਕਿ ਮਨੁੱਖ ਪਰਮਾਤਮਾ ਦਾ ਨਾਮ ਸਿਮਰੇ।

21. ਪਰਮਾਤਮਾ ਦੇ ਨਾਮ ਦੀ ਦਾਤਿ ਸਾਧ ਸੰਗਤਿ ਵਿਚੋਂ ਮਿਲਦੀ ਹੈ।

22. ਉਸ ਮਨੁੱਖ ਦੇ ਭਾਗ ਜਾਗ ਪਏ ਜਾਣੋ ਜੋ ਸਾਧ ਸੰਗਤਿ ਵਿਚ ਜਾਣ ਲੱਗ ਪੈਂਦਾ ਹੈ। ਸਾਧ ਸੰਗਤਿ ਵਿਚ ਨਾਮ ਸਿਮਰਨ ਨਾਲ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

23. ਸਾਧ ਸੰਗਤਿ ਦੀ ਰਾਹੀਂ ਹੀ ਪਰਮਾਤਮਾ ਨਾਲ ਪਿਆਰ ਬਣ ਸਕਦਾ ਹੈ।

24. ਮਾਇਆ ਦੇ ਰੰਗ-ਤਮਾਸ਼ੇ ਕਸੁੰਭੇ ਦੇ ਫੁੱਲ ਵਰਗੇ ਹੀ ਹਨ। ਇਹਨਾਂ ਵਿਚ ਫਸੇ ਰਿਹਾਂ ਸੁਖ ਨਹੀਂ ਮਿਲ ਸਕਦਾ।

ਲੜੀ ਵਾਰ ਭਾਵ:

(1 ਤੋਂ 8) ਇਹ ਮਨੁੱਖਾ ਸਰੀਰ ਤਦੋਂ ਹੀ ਸਫਲ ਸਮਝੋ ਜਦੋਂ ਮਨੁੱਖ ਗ਼ਰੀਬੀ ਸੁਭਾਵ ਵਿਚ ਰਹਿ ਕੇ ਸਾਧ ਸੰਗਤਿ ਦਾ ਆਸਰਾ ਲੈ ਕੇ ਪਰਮਾਤਮਾ ਦਾ ਨਾਮ ਸਿਮਰਦਾ ਹੈ। ਸਿਮਰਨ ਦੀ ਬਰਕਤਿ ਨਾਲ ਮਨੁੱਖ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਤੇ ਸੁਖੀ ਜੀਵਨ ਬਿਤੀਤ ਕਰਦਾ ਹੈ।

(9 ਤੋਂ 24) ਸਿਮਰਨ ਤੇ ਸਿਫ਼ਤਿ-ਸਾਲਾਹ ਦੀ ਦਾਤਿ ਸਿਰਫ਼ ਸਾਧ ਸੰਗਤਿ ਵਿਚੋਂ ਮਿਲਦੀ ਹੈ। ਸਾਧ ਸੰਗਤਿ ਵਿਚ ਰਿਹਾਂ ਹੀ ਪਰਮਾਤਮਾ ਵਿਚ ਸਰਧਾ ਬਣਦੀ ਹੈ, ਫਿਰ ਵਿਕਾਰ ਆਪਣਾ ਜ਼ੋਰ ਨਹੀਂ ਪਾ ਸਕਦੇ, ਜੀਵਨ ਇਤਨਾ ਉੱਚਾ ਬਣ ਜਾਂਦਾ ਹੈ ਕਿ ਉਸ ਮਨੁੱਖ ਦੀ ਸੰਗਤਿ ਵਿਚ ਹੋਰ ਭੀ ਅਨੇਕਾਂ ਬੰਦੇ ਵਿਕਾਰਾਂ ਤੋਂ ਬਚ ਕੇ ਜੀਵਨ-ਨਈਆ ਨੂੰ ਸੰਸਾਰ-ਸਮੁੰਦਰ ਵਿਚੋਂ ਸਹੀ-ਸਲਾਮਤ ਪਾਰ ਲੰਘਾ ਲੈਂਦੇ ਹਨ।

ਮੁੱਖ ਭਾਵ:

ਮਨੁੱਖਾ ਸਰੀਰ ਤਦੋਂ ਹੀ ਸਫਲ ਹੈ ਜੇ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਰਹੇ। ਤੇ, ਇਹ ਦਾਤਿ ਸਿਰਫ਼ ਸਾਧ-ਸੰਗਤਿ ਵਿਚੋਂ ਹੀ ਮਿਲਦੀ ਹੈ।

ਮਹਲਾ ੫ ਗਾਥਾ ੴ ਸਤਿਗੁਰ ਪ੍ਰਸਾਦਿ ॥ ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖੁ ਦੇਹੰ ਮਲੀਣੰ ॥ ਮਜਾ ਰੁਧਿਰ ਦੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥ {ਪੰਨਾ 1360}

ਪਦ ਅਰਥ:- ਗਾਥਾ—ਇਕ ਪ੍ਰਾਚੀਨ ਪ੍ਰਾਕ੍ਰਿਤ ਭਾਸ਼ਾ ਜਿਸ ਵਿਚ ਸੰਸਕ੍ਰਿਤ ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਲਿਖੇ ਹੋਏ ਮਿਲਦੇ ਹਨ। 'ਲਲਿਤ ਵਿਸਤਰ' ਆਦਿਕ ਬੋਧ ਧਰਮ-ਗ੍ਰੰਥ ਇਸੇ ਭਾਸ਼ਾ ਵਿਚ ਹਨ।

ਕਰਪੂਰ—ਕਾਫ਼ੂਰ (kpuLr)। ਪੁਹਪ—ਪੁਸ਼ਪ, ਫੁੱਲ (puÕp)। ਪਰਸ—ਪਰਸਿ, ਛੁਹ ਕੇ (Ôpã_`-to touch)। ਦੇਹ—ਸਰੀਰ। ਮਜਾ—ਮੱਜਾ, ਮਿੱਝ, ਸਰੀਰ ਦੀ ਚਿਕਨਾਈ (m^jn-marrow of the bones & flesh)। ਰੁਧਿਰ—ਲਹੂ ({iDrz)। ਦੁਗੰਧਾ—ਬਦ-ਬੂ। ਅਥਿ—ਫਿਰ ਭੀ, ਇਸ ਉਤੇ ਭੀ। ਅਗਜਾਨਣੋ—ਅਗਿਆਨੀ ਮਨੁੱਖ।

ਅਰਥ:- ਮੁਸ਼ਕ-ਕਪੂਰ, ਫੁੱਲ ਅਤੇ ਹੋਰ ਸੁਗੰਧੀਆਂ ਮਨੁੱਖ ਦੇ ਸਰੀਰ ਨੂੰ ਛੁਹ ਕੇ ਮੈਲੀਆਂ ਹੋ ਜਾਂਦੀਆਂ ਹਨ। (ਮਨੁੱਖ ਦੇ ਸਰੀਰ ਵਿਚ) ਮਿੱਝ ਲਹੂ ਅਤੇ ਹੋਰ ਦੁਰਗੰਧੀਆਂ ਹਨ; ਫਿਰ ਭੀ, ਹੇ ਨਾਨਕ! ਅਗਿਆਨੀ ਮਨੁੱਖ (ਇਸ ਸਰੀਰ ਦਾ) ਮਾਣ ਕਰਦਾ ਹੈ।1।

ਭਾਵ:- ਇਸ ਸਰੀਰ ਦਾ ਮਾਣ ਕਰਨਾ ਮੂਰਖਤਾ ਹੈ ਜਿਸ ਦੇ ਅੰਦਰ ਮੈਲਾ ਹੀ ਮੈਲਾ ਹੈ ਤੇ ਜਿਸ ਨਾਲ ਛੁਹ ਕੇ

ਸੁਗੰਧੀਆਂ ਭੀ ਦੁਰਗੰਧੀਆਂ ਬਣ ਜਾਂਦੀਆਂ ਹਨ।

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ ॥੨॥ {ਪੰਨਾ 1360}

ਪਦ ਅਰਥ:- ਪਰਮਾਣੋ—(prmwxu—an atom) ਪਰਮ ਅਣੂ, ਬਹੁਤ ਛੋਟਾ ਭਾਗ, ਬਰੀਕ ਜ਼ੱਰਾ ਜਿਸ ਦਾ ਹਿੱਸਾ ਨ ਹੋ ਸਕੇ। ਪਰਜੰਤ—(pXLNq) ਆਖ਼ਰੀ ਹੱਦ, ਅੰਤਮ ਸੀਮਾ। ਦੀਪ—ਜਜ਼ੀਰੇ (§*lp—an island)। ਲੋਅ—ਲੋਕ। ਸਿਖੰਡਣਹ— (i_Kirn`) ਪਹਾੜ। ਗਛੇਣ—ਤੁਰਿਆਂ। ਨੈਣ ਭਾਰੇਣ—ਨੈਣ ਭਰੇਣ, ਅੱਖ ਦੇ ਫੋਰ ਵਿਚ। ਨੈਣ ਭਾਰ—ਨੇਤ੍ਰ ਭਰ, ਅੱਖ ਦੇ ਝਮਕਣ ਦਾ ਸਮਾ, ਨਿਮਖ। ਨ ਸਿਧ੍ਯਤੇ—ਸਫਲ ਨਹੀਂ ਹੁੰਦਾ।

ਅਰਥ:- ਹੇ ਨਾਨਕ! ਜੇ ਮਨੁੱਖ ਅੱਤ ਛੋਟਾ ਅਣੂ ਬਣ ਕੇ ਅਕਾਸ਼ਾਂ ਤਕ ਸਾਰੇ ਦੀਪਾਂ ਲੋਕਾਂ ਅਤੇ ਪਹਾੜਾਂ ਉਪਰ ਅੱਖ ਦੇ ਇਕ ਫੋਰ ਵਿਚ ਹੀ ਹੋ ਆਵੇ, (ਇਤਨੀ ਸਿੱਧੀ ਹੁੰਦਿਆਂ ਭੀ) ਗੁਰੂ ਤੋਂ ਬਿਨਾਂ ਉਸ ਦਾ ਜੀਵਨ ਸਫਲ ਨਹੀਂ ਹੁੰਦਾ।2।

ਭਾਵ:- ਇਹ ਮਨੁੱਖਾ ਸਰੀਰ ਸਫਲ ਤਦੋਂ ਹੀ ਹੈ ਜੇ ਮਨੁੱਖ ਗੁਰੂ ਦਾ ਆਸਰਾ ਲੈ ਕੇ ਪਰਮਾਤਮਾ ਦਾ ਨਾਮ ਜਪੇ। ਬੜੀਆਂ ਬੜੀਆਂ ਸਿੱਧੀਆਂ ਹਾਸਲ ਕੀਤੀਆਂ ਭੀ ਕਿਸੇ ਕੰਮ ਨਹੀਂ।

ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥ ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥੩॥ {ਪੰਨਾ 1360}

ਪਦ ਅਰਥ:- ਸਤਿ—ਸੱਚ, ਅਟੱਲ (sÄX)। ਮਰਣੋ—ਮੌਤ (mrxz)। ਮਿਥਿਆ—ਨਾਸਵੰਤ, ਝੂਠ (imÅXw)। ਕੀਰਤਿ—ਸਿਫ਼ਤਿ-ਸਾਲਾਹ (kliqL)। ਚਲੰਥੋ—ਜਾਂਦੀ ਹੈ (cliq, clq: cliNq)। ਦ੍ਰਿਸਟੇਣ—ਜੋ ਕੁਝ ਦਿੱਸ ਰਿਹਾ ਹੈ, ਇਹ ਦਿੱਸਦਾ ਜਗਤ। ਸਾਧ ਸੰਗੇਣ—ਸਾਧ ਸੰਗਤਿ ਦੀ ਰਾਹੀਂ (swDu szÀwyn)।

ਅਰਥ:- ਮੌਤ ਦਾ ਆਉਣਾ ਅਟੱਲ ਸਮਝੋ, ਇਹ ਦਿੱਸਦਾ ਜਗਤ (ਜ਼ਰੂਰ) ਨਾਸ ਹੋਣ ਵਾਲਾ ਹੈ (ਇਸ ਵਿਚੋਂ ਕਿਸੇ ਨਾਲ ਸਾਥ ਨਹੀਂ ਨਿਭਦਾ)।

ਨਾਨਕ ਆਖਦਾ ਹੈ—ਸਾਧ ਸੰਗਤਿ ਦੇ ਆਸਰੇ ਕੀਤੀ ਹੋਈ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੀ (ਮਨੁੱਖ) ਦੇ ਨਾਲ ਜਾਂਦੀ ਹੈ।3।

ਭਾਵ:- ਇਸ ਨਾਸਵੰਤ ਜਗਤ ਵਿਚੋਂ ਮਨੁੱਖ ਦੇ ਸਦਾ ਨਾਲ ਨਿਭਣ ਵਾਲੀ ਇਕੋ ਚੀਜ਼ ਹੈ—ਪਰਮਾਤਮਾ ਦੀ ਸਿਫ਼ਤਿ-ਸਾਲਾਹ ਜੋ ਸਾਧ ਸੰਗਤ ਵਿਚੋਂ ਮਿਲਦੀ ਹੈ।

ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ਲਬਧ੍ਯੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥ {ਪੰਨਾ 1360}

ਪਦ ਅਰਥ:- ਇਸਟ—ਪਿਆਰੇ (eÕt)। ਮਿਤ੍ਰੇਖੁ—ਮਿਤ੍ਰਾਂ ਵਿਚ (im>y—u)। ਲਬਧ੍ਯੰ—ਲੱਭ ਸਕਦਾ ਹੈ, ਲੱਭਣ-ਜੋਗ। ਸੁਖ ਅਸਥਾਨੰ—ਸੁਖ ਮਿਲਣ ਦਾ ਥਾਂ (suK ÔQwnz)। ਚਿਤ—(icÄqz)।

ਅਰਥ:- ਮਾਇਆ (ਮਨੁੱਖ ਦੇ) ਮਨ ਨੂੰ ਪਿਆਰੇ ਮਿਤ੍ਰਾਂ ਸੰਬੰਧੀਆਂ (ਦੇ ਮੋਹ) ਵਿਚ ਭਟਕਾਂਦੀ ਰਹਿੰਦੀ ਹੈ। (ਤੇ, ਭਟਕਣਾਂ ਦੇ ਕਾਰਨ ਇਸ ਨੂੰ ਸੁਖ ਨਹੀਂ ਮਿਲਦਾ)।

ਹੇ ਨਾਨਕ! ਸੁਖ ਮਿਲਣ ਦਾ ਥਾਂ (ਕੇਵਲ) ਪਰਮਾਤਮਾ ਦਾ ਭਜਨ ਹੀ ਹੈ, ਜੋ ਸਾਧ ਸੰਗਤਿ ਦੀ ਰਾਹੀਂ ਮਿਲ ਸਕਦਾ ਹੈ।4।

ਭਾਵ:- ਸੁਖ ਭੀ ਇਸ ਸਿਫ਼ਤਿ-ਸਾਲਾਹ ਵਿਚ ਹੀ ਹੈ, ਤੇ, ਇਹ ਮਿਲਦੀ ਹੈ ਗੁਰੂ ਦੀ ਸੰਗਤਿ ਵਿਚ ਰਿਹਾਂ।

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥ ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫॥ {ਪੰਨਾ 1360}

ਪਦ ਅਰਥ:- ਮੈਲਾਗਰ—ਮਲਯ ਪਰਬਤ ਤੇ ਉਗਿਆ ਹੋਇਆ ਬੂਟਾ, ਚੰਦਨ (mlXwÀwR)। ਸੰਗੇਣ—ਸੰਗਤ ਨਾਲ (szÀwyn)। ਨਿਕਟਿ—ਨੇੜੇ (inkty)। ਅਹੰਬੁਧਿ—ਹਉਮੈ ਵਾਲੀ ਬੁੱਧ ਦੇ ਕਾਰਨ (Ahz buiÆd)। ਬੋਹਤੇ—ਸੁਗੰਧਿਤ ਹੁੰਦਾ ਹੈ। ਬਿਰਖ—(vÃ˜) ਰੁੱਖ।

ਅਰਥ:- ਚੰਦਨ ਦੀ ਸੰਗਤਿ ਨਾਲ ਨਿੰਮ ਦਾ ਰੁੱਖ ਚੰਦਨ ਹੀ ਹੋ ਜਾਂਦਾ ਹੈ, ਪਰ, ਹੇ ਨਾਨਕ! ਚੰਦਨ ਦੇ ਨੇੜੇ ਵੱਸਦਾ ਬਾਂਸ ਆਪਣੀ ਆਕੜ ਦੇ ਕਾਰਨ ਸੁਗੰਧੀ ਵਾਲਾ ਨਹੀਂ ਬਣਦਾ।5।

ਭਾਵ:- ਜਿਹੜਾ ਮਨੁੱਖ ਬਾਂਸ ਵਾਂਗ ਸਦਾ ਆਕੜ ਕੇ ਰਹਿੰਦਾ ਹੈ ਉਸ ਨੂੰ ਸਾਧ ਸੰਗਤਿ ਵਿਚੋਂ ਕੁਝ ਭੀ ਨਹੀਂ ਮਿਲਦਾ।

ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥ ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥ {ਪੰਨਾ 1360}

ਪਦ ਅਰਥ:- ਗਾਥਾ—ਉਸਤਤਿ, ਸਿਫ਼ਤਿ-ਸਾਲਾਹ (ÀwwQw—a religious verse. ÀwY-to sing)। ਗੁੰਫ—ਗੁੰਦਣਾ, ਕਵਿ-ਰਚਨਾ ਕਰਨੀ (ÀwuzP`—to string together, to compose)। ਕਥੰ—ਕਥਾ (kQw)। ਮਥੰ—ਕੁਚਲ ਦੇਣਾ, ਨਾਸ ਕਰ ਦੇਣਾ (mNQ`—to crush, destroy)। ਮਰਦਨਹ—ਮਲਿਆ ਜਾਂਦਾ ਹੈ (mdLNzw)। ਹਤੰ—ਨਾਸ ਹੋ ਜਾਂਦੇ ਹਨ। ਬਾਣ—(bwx) ਤੀਰ। ਪ੍ਰਹਾਰਣਹ—ਚਲਾਇਆਂ (pRhrxz—Striking, throwing)।

ਅਰਥ:- ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀਆਂ ਕਹਾਣੀਆਂ ਦਾ ਗੁੰਦਣ ਮਨੁੱਖ ਦੇ ਅਹੰਕਾਰ ਨੂੰ ਕੁਚਲ ਦੇਂਦਾ ਹੈ ਨਾਸ ਕਰ ਦੇਂਦਾ ਹੈ।

ਹੇ ਨਾਨਕ! ਪਰਮਾਤਮਾ (ਦੀ ਸਿਫ਼ਤਿ-ਸਾਲਾਹ) ਦਾ ਤੀਰ ਚਲਾਇਆਂ (ਕਾਮਾਦਿਕ) ਪੰਜੇ ਵੈਰੀ ਨਾਸ ਹੋ ਜਾਂਦੇ ਹਨ।6।

ਭਾਵ:- ਸਿਫ਼ਤਿ-ਸਾਲਾਹ ਵਿਚ ਬੜੀ ਤਾਕਤ ਹੈ, ਇਸ ਦੀ ਬਰਕਤਿ ਨਾਲ ਮਨੁੱਖ ਦੇ ਅੰਦਰੋਂ ਕਾਮਾਦਿਕ ਪੰਜੇ ਵੈਰੀ ਨਾਸ ਹੋ ਜਾਂਦੇ ਹਨ।

ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ ॥ ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ ॥੭॥ {ਪੰਨਾ 1360}

ਪਦ ਅਰਥ:- ਪੰਥਾ—ਰਸਤਾ (pNQw)। ਸਾਧ—(swDu) ਗੁਰੂ, ਗੁਰਮੁਖ। ਲਹੰਥਾ—ਲੱਭਦੇ ਹਨ। ਰਹੰਤਾ—ਰਹਿ ਜਾਂਦਾ ਹੈ, ਮੁੱਕ ਜਾਂਦਾ ਹੈ। ਰਮਣੰ—ਸਿਮਰਨ।

ਅਰਥ:- ਗੁਰੂ ਦੇ (ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ) ਬਚਨ ਸੁਖ ਦਾ ਰਸਤਾ ਹਨ, ਪਰ ਇਹ ਬਚਨ ਭਾਗਾਂ ਨਾਲ ਮਿਲਦੇ ਹਨ।

ਹੇ ਨਾਨਕ! ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨ ਨਾਲ ਜਨਮ ਮਰਨ (ਦਾ ਗੇੜ) ਮੁੱਕ ਜਾਂਦਾ ਹੈ।7।

ਭਾਵ:- ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਸੁਖੀ ਜੀਵਨ ਬਿਤੀਤ ਕਰਦਾ ਹੈ, ਮਨੁੱਖ

ਜਨਮ ਮਰਨ ਦੇ ਗੇੜ ਵਾਲੇ ਰਾਹੇ ਨਹੀਂ ਪੈਂਦਾ।

ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ ॥ ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ ॥੮॥ {ਪੰਨਾ 1360}

ਪਦ ਅਰਥ:- ਭੁਰਿਜੇਣ—ਭੁਰ ਕੇ। ਪੇਡ—ਰੁੱਖ। ਸੰਪਤਾ—ਸੰਪਤ ਨਾਲ (szpd`—Wealth)। ਬਿਖਮਤਾ—ਕਠਨਾਈ (iv—mqw)। ਬਹੰਤਿ—(ਦੁੱਖ) ਸਹਾਰਦੇ ਹਨ, ਭਟਕਦੇ ਹਨ (vhiNqwvh੍ਹ—to suffer experience)। ਬਾਸਰੋ—ਦਿਨ (vwsr:)। ਰੈਣੀ—ਰਾਤ (rjin, rjnl, rAix, rYix)। ਪੇਡ ਸੰਪਤਾ—ਰੁੱਖ ਦੀ ਸੰਪਤ ਨਾਲ, ਰੁੱਖ ਦੀਆਂ ਟਾਹਣੀਆਂ ਨਾਲ।

ਅਰਥ:- (ਜਿਵੇਂ ਰੁਖ ਦੇ) ਪੱਤ੍ਰ ਭੁਰ ਭੁਰ ਕੇ (ਰੁੱਖ ਨਾਲੋਂ) ਝੜ ਜਾਂਦੇ ਹਨ, (ਤੇ ਮੁੜ ਰੁੱਖ ਦੀਆਂ ਸ਼ਾਖਾਂ ਨਾਲ ਜੁੜ ਨਹੀਂ ਸਕਦੇ, (ਤਿਵੇਂ) ਹੇ ਨਾਨਕ! ਨਾਮ ਤੋਂ ਵਾਂਜੇ ਹੋਏ ਮਨੁੱਖ ਦੁੱਖ ਸਹਾਰਦੇ ਹਨ ਤੇ, ਦਿਨ ਰਾਤ (ਹੋਰ ਹੋਰ) ਜੂਨਾਂ ਵਿਚ ਪਏ ਭਟਕਦੇ ਹਨ।8।

ਭਾਵ:- ਨਾਮ ਤੋਂ ਵਾਂਜਿਆ ਮਨੁੱਖ ਦੁੱਖ ਸਹਾਰਦਾ ਹੈ ਤੇ ਜੀਵਨ ਅਜਾਈਂ ਗਵਾ ਜਾਂਦਾ ਹੈ।

ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ ॥ ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ ਬਿਆਪਣਹ ॥੯॥ {ਪੰਨਾ 1360}

ਪਦ ਅਰਥ:- ਭਾਵਨੀ—ਸਰਧਾ (Bwvnw—feeling of devotion, faith)। ਸਾਗਰ—ਸਮੁੰਦਰ (swÀwr)। ਬਿਆਪਣਹ—(ÒXwp੍ਹ—to pervade) ਜ਼ੋਰ ਪਾ ਸਕਦਾ। ਰਮਣੰ—ਸਿਮਰਨ।

ਅਰਥ:- ਸਾਧ ਸੰਗਤਿ ਰਾਹੀਂ (ਪਰਮਾਤਮਾ ਦੇ ਨਾਮ ਵਿਚ) ਸਰਧਾ ਵੱਡੇ ਭਾਗਾਂ ਨਾਲ ਮਿਲਦੀ ਹੈ। ਹੇ ਨਾਨਕ! ਪਰਮਾਤਮਾ ਦੇ ਨਾਮ ਤੇ ਗੁਣਾਂ ਦੀ ਯਾਦ ਨਾਲ ਸੰਸਾਰ-ਸਮੁੰਦਰ (ਜੀਵ ਉਤੇ) ਆਪਣਾ ਜ਼ੋਰ ਨਹੀਂ ਪਾ ਸਕਦਾ।9।

ਭਾਵ:- ਸਾਧ ਸੰਗਤਿ ਦੀ ਰਾਹੀਂ ਹੀ ਪਰਮਾਤਮਾ ਦੇ ਨਾਮ ਵਿਚ ਸਰਧਾ ਬਣਦੀ ਹੈ, ਮਨੁੱਖ ਦੀ ਜ਼ਿੰਦਗੀ ਦੀ ਬੇੜੀ ਸੰਸਾਰ-ਸਮੁੰਦਰ ਵਿਚੋਂ ਸਹੀ-ਸਲਾਮਤ ਪਾਰ ਲੰਘ ਜਾਂਦੀ ਹੈ।

ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥ ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥੧੦॥ {ਪੰਨਾ 1360}

ਪਦ ਅਰਥ:- ਗੂੜ—ਡੂੰਘੀ (Àwuh—hidden, concealed Àwuh—to conceal)। ਕਾਮ—ਵਾਸਨਾ। ਗਾਥਾ—ਸਿਫ਼ਤਿ-ਸਾਲਾਹ (ÀwwQw—A religious verse)। ਅਪਾਰ—ਬੇਅੰਤ (ਪ੍ਰਭੂ) (Apwr)। ਤਜਣੰ—(ÄjX`—to give up)। ਸਾਧ ਸੰਗਮਹ—(swDu szÀwm) ਸਤਸੰਗ।

ਅਰਥ:- ਬੇਅੰਤ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਇਕ ਡੂੰਘੀ (ਰਮਜ਼ ਵਾਲਾ) ਕੰਮ ਹੈ, ਇਸ ਨੂੰ ਕੋਈ ਵਿਰਲਾ ਮਨੁੱਖ ਸਮਝਦਾ ਹੈ।

ਹੇ ਨਾਨਕ! ਸਤਸੰਗ ਵਿਚ ਰਹਿ ਕੇ ਪਰਮਾਤਮਾ ਦਾ ਸਿਮਰਨ ਕੀਤਿਆਂ ਦੁਨੀਆ ਦੀਆਂ ਵਾਸਨਾਂ ਤਿਆਗੀਆਂ ਜਾ ਸਕਦੀਆਂ ਹਨ।10।

ਭਾਵ:- ਸਾਧ ਸੰਗਤਿ ਵਿਚ ਟਿਕ ਕੇ ਸਿਮਰਨ ਕੀਤਿਆਂ ਦੁਨੀਆ ਦੀਆਂ ਵਾਸਨਾਂ ਜ਼ੋਰ ਨਹੀਂ ਪਾਂਦੀਆਂ। ਪਰ ਸਿਫ਼ਤਿ ਸਾਲਾਹ ਦੀ ਤਾਕਤ ਦੀ ਕਿਸੇ ਵਿਰਲੇ ਨੂੰ ਸਮਝ ਪੈਂਦੀ ਹੈ।

ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨਾਸਨਹ ॥ ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲ ਸਮੂਹ ਉਧਾਰਣਹ ॥੧੧॥ {ਪੰਨਾ 1360}

ਪਦ ਅਰਥ:- ਸੁਮੰਤ੍ਰ—ਸ੍ਰੇਸ਼ਟ ਮੰਤ੍ਰ (sumz>)। ਕੋਟਿ—ਕ੍ਰੋੜ (kwyit)। ਸਮੂਹ— ਢੇਰ (smuh)। ਦੋਖ—ਪਾਪ (dwy—)। ਧਯਾਨੰ—(ÆXwn)। ਸਾਧ—(swDu) ਗੁਰੂ।

ਅਰਥ:- ਗੁਰੂ ਦੇ ਬਚਨ (ਐਸੇ) ਸ੍ਰੇਸ਼ਟ ਮੰਤ੍ਰ ਹਨ (ਜੋ) ਕ੍ਰੋੜਾਂ ਪਾਪਾਂ ਦਾ ਨਾਸ ਕਰ ਦੇਂਦੇ ਹਨ।

ਹੇ ਨਾਨਕ! (ਉਹਨਾਂ ਬਚਨਾਂ ਦੀ ਰਾਹੀਂ) ਪ੍ਰਭੂ ਦੇ ਕੌਲ ਫੁੱਲਾਂ ਵਰਗੇ ਸੋਹਣੇ ਚਰਨਾਂ ਦਾ ਧਿਆਨ ਸਾਰੀਆਂ ਕੁਲਾਂ ਦਾ ਉੱਧਾਰ ਕਰ ਦੇਂਦਾ ਹੈ।11।

ਭਾਵ:- ਗੁਰੂ ਦੇ ਬਚਨ ਕ੍ਰੋੜਾਂ ਪਾਪਾਂ ਦਾ ਨਾਸ ਕਰ ਦੇਂਦੇ ਹਨ। ਇਹਨਾਂ ਬਚਨਾਂ ਉੱਤੇ ਤੁਰ ਕੇ ਨਾਮ ਸਿਮਰਨ ਵਾਲਾ ਮਨੁੱਖ ਆਪਣੇ ਅਨੇਕਾਂ ਸਾਥੀਆਂ ਦਾ ਉੱਧਾਰ ਕਰ ਲੈਂਦਾ ਹੈ।

ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿ ਕੀ ਰਤਨਹ ॥ ਮੁਕਤੇ ਰਮਣ ਗੋਬਿੰਦਹ ਨਾਨਕ ਲਬਧ੍ਯੰ ਬਡ ਭਾਗਣਹ ॥੧੨॥ {ਪੰਨਾ 1360}

ਪਦ ਅਰਥ:- ਮੰਦਰ—ਘਰ (miNdr—a dwelling)। ਜੇਣ ਮਧਯ—ਜਿਨ੍ਹਾਂ ਦੇ ਅੰਦਰ (Xynwz mÆXy)। ਸੈਣਹ—ਸੌਣਾ, ਵੱਸਣਾ (Ôvp੍ਹ—to lie down, to rest)। ਮੁਕਤੇ—ਸੁਤੰਤਰ, ਆਜ਼ਾਦ (mukq)। ਰਮਣ—ਸਿਮਰਨ।

ਅਰਥ:- ਉਹਨਾਂ ਘਰਾਂ ਵਿਚ ਵੱਸਣਾ ਹੀ ਸੁਹਾਵਣਾ ਹੈ ਜਿਨ੍ਹਾਂ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੋਵੇ। ਜੋ ਮਨੁੱਖ ਪਰਮਾਤਮਾ ਦਾ ਸਿਮਰਨ ਕਰਦੇ ਹਨ ਉਹ (ਦੁਨੀਆ ਦੇ ਬੰਧਨਾਂ ਤੋਂ) ਮੁਕਤ ਹੋ ਜਾਂਦੇ ਹਨ। ਪਰ, ਹੇ ਨਾਨਕ! (ਇਹ ਸਿਮਰਨ) ਵੱਡੇ ਭਾਗਾਂ ਨਾਲ ਮਿਲਦਾ ਹੈ।

ਭਾਵ:- ਜਿਸ ਥਾਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਰਹੇ ਉਹ ਥਾਂ ਹੀ ਸੁਹਾਵਣਾ ਹੋ ਜਾਂਦਾ ਹੈ। ਸਿਫ਼ਤਿ-ਸਾਲਾਹ ਕਰਨ ਵਾਲੇ ਬੰਦੇ ਭੀ ਦੁਨੀਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

ਹਰਿ ਲਬਧੋ ਮਿਤ੍ਰ ਸੁਮਿਤੋ ॥ ਬਿਦਾਰਣ ਕਦੇ ਨ ਚਿਤੋ ॥ ਜਾ ਕਾ ਅਸਥਲੁ ਤੋਲੁ ਅਮਿਤੋ ॥ ਸੋਈ ਨਾਨਕ ਸਖਾ ਜੀਅ ਸੰਗਿ ਕਿਤੋ ॥੧੩॥ {ਪੰਨਾ 1360}

ਪਦ ਅਰਥ:- ਸੁਮਿਤੋ—ਸ੍ਰੇਸ਼ਟ ਮਿੱਤ੍ਰ (suim.*>)। ਬਿਦਾਰਣ—ਫਾੜਨਾ, ਤੋੜਨਾ (vd੍ਹ—to cut piecesl ivdwrxz—breaking)। ਅਸਥਲੁ—ਥਾਂ (ÔÅlz—firmground)। ਅਮਿਤੋ—ਅਤੋਲਵਾਂ, ਜੋ ਮਿਣਿਆ ਨਾ ਜਾ ਸਕੇ (Aimq)। ਸੋਈ—(ਇਥੇ) ਅਸਲ ਪਾਠ 'ਸੋਇ' ਹੈ, ਪਰ ਪੜ੍ਹਨਾ 'ਸੁਈ' ਹੈ। ਕਿਤੋ—ਕੀਤਾ ਹੈ (øq:)। ਚਿਤੋ ਬਿਦਾਰਣ—ਦਿਲ ਨੂੰ ਤੋੜਨਾ, ਦਿਲ-ਸ਼ਿਕਨੀ। ਲਬਧੋ—ਲੱਭਾ ਹੈ (lÊD:)।

ਅਰਥ: ਹੇ ਨਾਨਕ! ਮੈਂ ਉਹ ਸ੍ਰੇਸ਼ਟ ਮਿੱਤ੍ਰ ਪਰਮਾਤਮਾ ਲੱਭ ਲਿਆ ਹੈ, ਮੈਂ ਉਸ ਪਰਮਾਤਮਾ ਨੂੰ ਆਪਣੀ ਜਿੰਦ ਨਾਲ ਰਹਿਣ ਵਾਲਾ) ਸਾਥੀ ਬਣਾਇਆ ਹੈ ਜੋ ਕਦੇ (ਮੇਰੀ) ਦਿਲ-ਸ਼ਿਕਨੀ ਨਹੀਂ ਕਰਦਾ, ਅਤੇ ਜਿਸ ਦਾ ਟਿਕਾਣਾ ਅਮਿਣਵੇਂ ਤੋਲ ਵਾਲਾ ਹੈ।13।

ਭਾਵ:- ਪਰਮਾਤਮਾ ਹੀ ਮਨੁੱਖ ਦਾ ਅਸਲ ਸਾਥੀ ਅਸਲ ਮਿੱਤਰ ਹੈ।

ਅਪਜਸੰ ਮਿਟੰਤ ਸਤ ਪੁਤ੍ਰਹ ॥ ਸਿਮਰਤਬ੍ਧ ਰਿਦੈ ਗੁਰ ਮੰਤ੍ਰਣਹ ॥ ਪ੍ਰੀਤਮ ਭਗਵਾਨ ਅਚੁਤ ॥ ਨਾਨਕ ਸੰਸਾਰ ਸਾਗਰ ਤਾਰਣਹ ॥੧੪॥ {ਪੰਨਾ 1360-1361}

ਪਦ ਅਰਥ:- ਅਪਜਸ—ਬਦਨਾਮੀ (ApX_s੍ਹ)। ਸਤ ਪੁਤ੍ਰਹ—ਚੰਗਾ ਪੁਤ੍ਰ (sÄpu>)। ਸਿਮਰਤਬਜਮ—ਸਿਮਰਨਾ ਚਾਹੀਦਾ ਹੈ (Ômã—to remember, Ômriq—remembers)। ਮੰਤ੍ਰਣਹ—ਉਪਦੇਸ਼। ਰਿਦੈ—ਹਿਰਦੇ ਵਿਚ। ਅਚੁਤ—ਅਵਿਨਾਸ਼ੀ (AÁXuq)।

ਅਰਥ:- (ਜਿਵੇਂ) ਚੰਗਾ ਪੁੱਤ੍ਰ ਜੰਮ ਪੈਣ ਨਾਲ ਸਾਰੀ ਕੁਲ ਦੀ ਪਿਛਲੀ ਕੋਈ) ਬਦਨਾਮੀ ਧੁਪ ਜਾਂਦੀ ਹੈ, (ਤਿਵੇਂ) ਹੇ ਨਾਨਕ! ਅਵਿਨਾਸ਼ੀ ਪਿਆਰੇ ਪਰਮਾਤਮਾ (ਦਾ ਸਿਮਰਨ) ਸੰਸਾਰ-ਸਮੁੰਦਰ (ਦੇ ਵਿਕਾਰਾਂ) ਤੋਂ ਬਚਾ ਲੈਂਦਾ ਹੈ।

(ਇਸ ਵਾਸਤੇ) ਗੁਰੂ ਦਾ ਉਪਦੇਸ਼ ਹਿਰਦੇ ਵਿਚ ਟਿਕਾ ਰੱਖਣਾ ਚਾਹੀਦਾ ਹੈ (ਅਤੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ)।14।

ਭਾਵ:- ਪਰਮਾਤਮਾ ਦਾ ਸਿਮਰਨ ਮਨੁੱਖ ਨੂੰ ਦੁਨੀਆ ਦੇ ਵਿਕਾਰਾਂ ਤੋਂ ਬਚਾ ਲੈਂਦਾ ਹੈ। ਇਹ ਸਿਮਰਨ ਮਿਲਦਾ ਹੈ ਗੁਰੂ ਦੀ ਰਾਹੀਂ।

ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥ ਲਭਣੰ ਸਾਧ ਸੰਗੇਣ ॥ ਨਾਨਕ ਹਰਿ ਪੂਰਬਿ ਲਿਖਣਹ ॥੧੫॥ {ਪੰਨਾ 1361}

ਪਦ ਅਰਥ:- ਮਰਣੰ-ਮੌਤ (mrxz)। ਬਿਸਰਣੰ ਗੋਬਿੰਦਹ—ਪਰਮਾਤਮਾ ਨੂੰ ਵਿਸਾਰਨਾ। ਪੂਰਬਿ ਲਿਖਣਹ—ਪੂਰਬਲੇ ਸਮੇ ਵਿਚ ਲਿਖੇ ਅਨੁਸਾਰ। ਬਿਸਰਣੰ—(ivÔmrxz) ਭੁਲਾਣਾ, ਵਿਸਾਰਨਾ। ਪੂਰਬਿ—(puvL) ਪੂਰਬਲੇ ਸਮੇ ਵਿਚ। ਸਾਧ ਸੰਗੇਣ—(swDu ÔzwÀwyn) ਗੁਰੂ ਦੀ ਸੰਗਤਿ ਦੀ ਰਾਹੀਂ। ਲਭਣੰ—(lBnz)।

ਅਰਥ:- ਗੋਬਿੰਦ ਨੂੰ ਬਿਸਾਰਨਾ (ਆਤਮਕ) ਮੌਤ ਹੈ, ਅਤੇ ਪਰਮਾਤਮਾ ਦਾ ਨਾਮ ਚੇਤੇ ਰੱਖਣਾ (ਆਤਮਕ) ਜੀਵਨ ਹੈ ਪਰ ਹੇ ਨਾਨਕ! ਪ੍ਰਭੂ (ਦਾ ਸਿਮਰਨ) ਸਾਧ ਸੰਗਤਿ ਵਿਚ ਪੂਰਬਲੇ ਲਿਖੇ ਅਨੁਸਾਰ ਮਿਲਦਾ ਹੈ।15।

ਭਾਵ:- ਪਰਮਾਤਮਾ ਦੀ ਸਿਫ਼ਤਿ-ਸਾਲਾਹ ਮਨੁੱਖ ਵਾਸਤੇ ਆਤਮਕ ਜੀਵਨ ਹੈ, ਇਹ ਦਾਤਿ ਸਾਧ ਸੰਗਤਿ ਵਿਚੋਂ ਮਿਲਦੀ ਹੈ।

ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ ॥ ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ ॥੧੬॥ {ਪੰਨਾ 1361}

ਪਦ ਅਰਥ:- ਦਸਨ—ਦੰਦ (d_n—a tooth। dz_੍ਹ—to bite)। ਭੁਯੰਗੰ—ਸੱਪ (BujzÀw—a serpent)। ਬਜਜਾਧਿ—ਰੋਗ (ÒXwiD—ailment)। ਕਰਮਣਹ—ਭਾਗਾਂ ਨਾਲ। ਗਾਰੁੜੀ—ਗਰੁੜ-ਮੰਤ੍ਰ ਦਾ ਜਾਨਣ ਵਾਲਾ, ਸੱਪ ਦਾ ਜ਼ਹਰ ਦੂਰ ਕਰਨ ਵਾਲੀ ਦਵਾਈ ਦਾ ਜਾਣੂ (Àw}fz—a charm against snake-poison)। ਲਬਧ—(lÊD) ਲੱਭਦਾ।

ਅਰਥ:- (ਜਿਵੇਂ) ਗਰੁੜ-ਮੰਤ੍ਰ ਜਾਨਣ ਵਾਲਾ ਮਨੁੱਖ ਸੱਪ ਨੂੰ ਦੰਦ-ਹੀਣ ਕਰ ਦੇਂਦਾ ਹੈ ਅਤੇ (ਸੱਪ ਦੇ ਜ਼ਹਰ ਨੂੰ) ਮੰਤ੍ਰਾਂ ਨਾਲ ਦੂਰ ਕਰ ਦੇਂਦਾ ਹੈ, (ਭਾਵੇਂ) ਸੰਤ ਜਨ (ਮਨੁੱਖ ਦੇ ਆਤਮਕ) ਰੋਗਾਂ ਦਾ ਨਾਸ ਕਰ ਦੇਂਦੇ ਹਨ।

ਪਰ, ਹੇ ਨਾਨਕ! (ਸੰਤਾਂ ਦੀ ਸੰਗਤਿ) ਭਾਗਾਂ ਨਾਲ ਲੱਭਦੀ ਹੈ। 16।

ਭਾਵ:- ਸਾਧ ਸੰਗਤਿ ਵਿਚ ਟਿਕਿਆਂ ਮਨੁੱਖ ਦੇ ਸਾਰੇ ਆਤਮਕ ਰੋਗ ਦੂਰ ਹੋ ਜਾਂਦੇ ਹਨ।

ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ ॥ ਤਥ ਲਗਣੰ ਪ੍ਰੇਮ ਨਾਨਕ ॥ ਪਰਸਾਦੰ ਗੁਰ ਦਰਸਨਹ ॥੧੭॥ {ਪੰਨਾ 1361}

ਪਦ ਅਰਥ:- ਜਥ ਕਥ—ਜਿਥੇ ਕਿਥੇ, ਹਰ ਥਾਂ। ਤਥ—ਉਸ ਵਿਚ। ਪਰਸਾਦੰ—ਕਿਰਪਾ (pRswd)। ਸਰਣ—

ਓਟ, ਆਸਰਾ (_rxz)। ਸਰਬਤ੍ਰ—ਸਾਰੇ (svL>—in all places)। ਰਮਣ—ਵਿਆਪਕ।

ਅਰਥ:- ਜੋ ਪਰਮਾਤਮਾ ਹਰ ਥਾਂ ਵਿਆਪਕ ਹੈ ਅਤੇ ਸਾਰੇ ਜੀਵਾਂ ਦਾ ਆਸਰਾ ਹੈ, ਉਸ ਵਿਚ, ਹੇ ਨਾਨਕ! ਗੁਰੂ ਦੇ ਦੀਦਾਰ ਦੀ ਬਰਕਤਿ ਨਾਲ ਹੀ (ਜੀਵ ਦਾ) ਪਿਆਰ ਬਣਦਾ ਹੈ। 17।

ਭਾਵ:- ਗੁਰੂ ਦੀ ਸੰਗਤਿ ਕੀਤਿਆਂ ਹੀ ਪਰਮਾਤਮਾ ਨਾਲ ਪਿਆਰ ਬਣਦਾ ਹੈ।

ਚਰਣਾਰਬਿੰਦ ਮਨ ਬਿਧ੍ਰੰ ॥ ਸਿਧ੍ਰੰ ਸਰਬ ਕੁਸਲਣਹ ॥ ਗਾਥਾ ਗਾਵੰਤਿ ਨਾਨਕ ਭਬ੍ਰੰ ਪਰਾ ਪੂਰਬਣਹ ॥੧੮॥ {ਪੰਨਾ 1361}

ਪਦ ਅਰਥ:- ਚਰਣਾਰਬਿੰਦ—ਚਰਣ ਅਰਬਿੰਦ, ਚਰਨ ਕਮਲ (crx-ArivNd)। ਬਿਧਜ੍ਰੰ—ਵਿੰਨ੍ਹਿਆ ਹੋਇਆ (ivÆdz)। ਕੁਸਲਣਹ—ਸੁਖ (ku_l)। ਗਾਥਾ—ਸਿਫ਼ਤਿ-ਸਾਲਾਹ (ÀwwQw)। ਭਬਜ੍ਰੰ—ਭਾਵੀ, ਨਸੀਬ (BÒX—prosperity)। ਪਰਾ ਪੂਰਬਣਹ—ਬਹੁਤ ਪੂਰਬ ਕਾਲ ਦੇ। ਅਰਬਿੰਦ—(ArivNd) ਕੌਲ ਫੁੱਲ। ਗਾਵੰਤਿ—(ÀwwXiNq) ਗਾਂਦੇ ਹਨ।

ਅਰਥ:- (ਜਿਸ ਮਨੁੱਖ ਦਾ) ਮਨ (ਪਰਮਾਤਮਾ ਦੇ) ਸੋਹਣੇ ਚਰਨਾਂ ਵਿਚ ਵਿੱਝਦਾ ਹੈ, (ਉਸ ਨੂੰ) ਸਾਰੇ ਸੁਖ ਮਿਲ ਜਾਂਦੇ ਹਨ। ਪਰ, ਹੇ ਨਾਨਕ! ਉਹੀ ਬੰਦੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਗਾਂਦੇ ਹਨ ਜਿਨ੍ਹਾਂ ਦੇ ਪੂਰਬਲੇ ਭਾਗ ਹੋਣ। 18।

ਭਾਵ:- ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਦਾ ਜੀਵਨ ਸੁਖੀ ਹੋ ਜਾਂਦਾ ਹੈ।

ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ ॥ ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਰਤੇ ॥੧੯॥ {ਪੰਨਾ 1361}

ਪਦ ਅਰਥ:- ਪੁਨਰਪਿ—ਪਨਹ ਅਪਿ, ਫਿਰ ਭੀ, ਮੁੜ ਮੁੜ (punrip pun: Aip)। ਸੁਭ ਬਚਨ—ਸੋਹਣੇ ਬੋਲ, ਸਿਫ਼ਤਿ-ਸਲਾਹ ਦੀ ਬਾਣੀ (_uB vcn)। ਰਵਣ—ਉਚਾਰਨ ਕਰਨਾ। ਗਵਣ—ਜਾਣਾ, ਪਹੁੰਚਣਾ (Àwmnz)। ਉਧਰਣਹ—ਉੱਧਾਰ (aÆdrxz)। ਸਾਧ ਸੰਗੇਣ—(swDu ÔzwÀwynz) ਗੁਰੂ ਦੀ ਸੰਗਤਿ ਦੀ ਰਾਹੀਂ।

ਅਰਥ:- (ਜੋ ਮਨੁੱਖ) ਸਾਧ ਸੰਗਤਿ ਵਿਚ ਜਾ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦੇ ਹਨ, (ਉਹਨਾਂ ਦਾ) ਉੱਧਾਰ ਹੋ ਜਾਂਦਾ ਹੈ।

ਹੇ ਨਾਨਕ! ਉਹਨਾਂ ਨੂੰ (ਇਸ) ਸੰਸਾਰ-ਸਮੁੰਦਰ ਵਿਚ ਮੁੜ ਮੁੜ ਜਨਮ ਨਹੀਂ ਲੈਣਾ ਪੈਂਦਾ।1।

ਭਾਵ:- ਸਾਧ ਸੰਗਤਿ ਵਿਚ ਟਿਕ ਕੇ ਸਿਫ਼ਤਿ-ਸਾਲਾਹ ਕੀਤਿਆਂ ਵਿਕਾਰਾਂ ਤੋਂ ਬਚ ਜਾਈਦਾ ਹੈ।

ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ ॥ ਕੁਲਹ ਸਮੂਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥੨੦॥ {ਪੰਨਾ 1361}

ਪਦ ਅਰਥ:- ਬਡਭਾਗੀ ਕੋ—ਕੋਈ ਵੱਡੇ ਭਾਗਾਂ ਵਾਲਾ ਮਨੁੱਖ। ਉਰ—ਹਿਰਦਾ (ars—heart)। ਏਕੰਕਾਰ ਨਾਮ—ਇਕ ਪਰਮਾਤਮਾ ਦਾ ਨਾਮ। ਕੁਲਹ ਸਮੂਹ—ਸਾਰੀਆਂ ਕੁਲਾਂ।

ਅਰਥ:- ਹੇ ਨਾਨਕ! ਜੇਹੜਾ ਕੋਈ ਵੱਡੇ ਭਾਗਾਂ ਵਾਲਾ ਮਨੁੱਖ ਵੇਦ ਪੁਰਾਣ ਸ਼ਾਸਤ੍ਰ (ਆਦਿਕ ਧਰਮ-ਪੁਸਤਕਾਂ ਨੂੰ) ਵਿਚਾਰ ਕੇ ਇੱਕ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਂਦਾ ਹੈ, ਉਹ (ਆਪ) ਤਰ ਜਾਂਦਾ ਹੈ ਅਤੇ ਆਪਣੀਆਂ ਅਨੇਕਾਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ। 20।

ਭਾਵ:- ਧਰਮ ਪੁਸਤਕ ਦੇ ਪੜ੍ਹਨ ਤੋਂ ਅਸਲ ਲਾਭ ਇਹੀ ਮਿਲਣਾ ਚਾਹੀਦਾ ਹੈ ਕਿ ਮਨੁੱਖ ਪਰਮਾਤਮਾ ਦਾ ਨਾਮ ਸਿਮਰੇ।

ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲਸਮੂਹਣਹ ॥ ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ ਭੇਟੰਤਿ ਦਰਸਨਹ ॥੨੧॥ {ਪੰਨਾ 1361}

ਪਦ ਅਰਥ:- ਭੇਟੰਤਿ—ਮਿਲਦੇ ਹਨ। ਭੇਟੰਤਿ ਦਰਸਨਹ—ਦਰਸਨ ਕਰਦੇ ਹਨ। ਲਬਧਿਅੰ—ਲੱਭਦਾ ਹੈ (lÊDX)। ਸਾਧ ਸੰਗੇਣ—(swDu szÀwyn) ਗੁਰੂ ਦੀ ਸੰਗਤਿ ਦੀ ਰਾਹੀਂ। ਸਿਮਰਣੰ—(Ômrxz)।

ਅਰਥ:- ਗੋਬਿੰਦ ਦਾ ਨਾਮ ਸਿਮਰਿਆਂ ਸਾਰੀਆਂ ਕੁਲਾਂ ਦਾ ਉੱਧਾਰ ਹੋ ਜਾਂਦਾ ਹੈ ਪਰ, (ਗੋਬਿੰਦ ਦਾ ਨਾਮ) ਹੇ ਨਾਨਕ! ਸਾਧ ਸੰਗਤਿ ਵਿਚ ਮਿਲਦਾ ਹੈ, (ਤੇ, ਸਾਧ ਸੰਗਤਿ ਦਾ) ਦਰਸਨ ਵਡੇ ਭਾਗਾਂ ਵਾਲੇ (ਬੰਦੇ) ਕਰਦੇ ਹਨ। 21।

ਭਾਵ:- ਪਰਮਾਤਮਾ ਦੇ ਨਾਮ ਦੀ ਦਾਤਿ ਸਾਧ ਸੰਗਤਿ ਵਿਚੋਂ ਮਿਲਦੀ ਹੈ।

ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣਃ ॥ ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਤਣਃ ॥੨੨॥ {ਪੰਨਾ 1361}

ਪਦ ਅਰਥ:- ਦੋਖ—ਵਿਕਾਰ (dwy—)। ਪਰੰ—ਚੰਗੀ ਤਰ੍ਹਾਂ, ਪੂਰੇ ਤੌਰ ਤੇ। ਤਿਆਗੀ—ਤਿਆਗਣ ਵਾਲਾ (ਬਣਨਾ)। ਦ੍ਰਿੜੰਤਣ:- (ਹਿਰਦੇ ਵਿਚ) ਪੱਕਾ ਕਰਨਾ। ਮਸਤਕਿ—ਮੱਥੇ ਉਤੇ (mÔqk—ਮੱਥਾ। mÔqky—ਮੱਥੇ ਉਤੇ)। ਲਿਖਜਜਣ:- ਲਿਖਿਆ ਹੋਇਆ ਲੇਖ।

ਅਰਥ:- ਹੇ ਨਾਨਕ! ਸਾਰੇ ਵਿਕਾਰ ਚੰਗੀ ਤਰ੍ਹਾਂ ਤਿਆਗ ਦੇਣੇ ਅਤੇ ਧਰਮ ਨੂੰ ਪੱਕੀ ਤਰ੍ਹਾਂ (ਹਿਰਦੇ ਵਿਚ) ਟਿਕਾਣਾ—(ਇਹ ਦਾਤਿ ਉਸ ਬੰਦੇ ਨੂੰ) ਸਾਧ ਸੰਗਤਿ ਵਿਚ ਮਿਲਦੀ ਹੈ (ਜਿਸ ਦੇ) ਮੱਥੇ ਉਤੇ (ਚੰਗਾ) ਲੇਖ ਲਿਖਿਆ ਹੋਵੇ। 22।

ਭਾਵ:- ਉਸ ਮਨੁੱਖ ਦੇ ਭਾਗ ਜਾਗ ਪਏ ਜਾਣੋ ਜੋ ਸਾਧ ਸੰਗਤਿ ਵਿਚ ਜਾਣ ਲੱਗ ਪੈਂਦਾ ਹੈ। ਸਾਧ ਸੰਗਤਿ ਵਿਚ ਨਾਮ ਸਿਮਰਨ ਨਾਲ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥ ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥ ੨੩॥ {ਪੰਨਾ 1361}

ਪਦ ਅਰਥ:- ਹੋਯੋ—ਜੋ ਪਿਛਲੇ ਸਮੇ ਵਿਚ ਮੌਜੂਦ ਸੀ। ਹੈ—ਜੋ ਹੁਣ ਭੀ ਮੌਜੂਦ ਹੈ। ਹੋਵੰਤੋ—ਜੋ ਅਗਾਂਹ ਨੂੰ ਭੀ ਮੌਜੂਦ ਰਹੇਗਾ। ਹਰਣ—ਨਾਸ ਕਰਨ ਵਾਲਾ। ਭਰਣ—ਪਾਲਣ ਵਾਲਾ। ਸੰਪੂਰਣ:- ਵਿਆਪਕ। ਸਤਮ—(sÄXz) ਨਿਸ਼ਚੇ ਕਰ ਕੇ। ਜਾਣੋ—ਸਮਝੋ।

ਅਰਥ:- ਜੋ ਪਰਮਾਤਮਾ ਭੂਤ ਵਰਤਮਾਨ ਭਵਿੱਖਤ ਵਿਚ ਸਦਾ ਹੀ ਥਿਰ ਰਹਿਣ ਵਾਲਾ ਹੈ, ਜੋ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈ ਸਭ ਦਾ ਪਾਲਣ ਵਾਲਾ ਹੈ ਅਤੇ ਸਭ ਵਿਚ ਵਿਆਪਕ ਹੈ, ਹੇ ਨਾਨਕ! ਉਸ ਨਾਲ ਪਿਆਰ ਪਾਣ ਦਾ ਕਾਰਨ ਨਿਸ਼ਚੇ ਕਰ ਕੇ ਸੰਤਾਂ ਨੂੰ ਹੀ ਸਮਝੋ। 23।

ਭਾਵ:- ਸਾਧ ਸੰਗਤਿ ਦੀ ਰਾਹੀਂ ਹੀ ਪਰਮਾਤਮਾ ਨਾਲ ਪਿਆਰ ਬਣ ਸਕਦਾ ਹੈ।

ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ ॥ ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ ॥ ੨੪॥ {ਪੰਨਾ 1361}

ਪਦ ਅਰਥ:- ਸੁਖੇਣ—ਸੁਖਦਾਈ। ਬੈਣ ਰਤਨੰ—ਬੋਲ ਰੂਪ ਰਤਨ (vcn, vAx)। ਰਚਨੰ—ਮਸਤ ਹੋਣਾ। ਕਸੁੰਭ ਰੰਗਣ:- (ਮਾਇਆ-) ਕਸੁੰਭੇ ਦੇ ਰੰਗਾਂ ਵਿਚ। ਬਿਓਗ—ਵਿਛੋੜਾ, ਦੁੱਖ। ਸੁਪਨਹ—(ÔÒÈny)। ਸੋਗ—(_wyk) ਚਿੰਤਾ।

ਅਰਥ:- ਹੇ ਨਾਨਕ! (ਮਾਇਆ-) ਕਸੁੰਭੇ ਦੇ ਰੰਗਾਂ ਵਿਚ ਅਤੇ (ਮਾਇਆ ਸੰਬੰਧੀ) ਸੁਖਦਾਈ ਸੋਹਣੇ ਬੋਲਾਂ ਵਿਚ ਮਸਤ ਰਿਹਾਂ ਰੋਗ ਚਿੰਤਾ ਅਤੇ ਦੁੱਖ (ਹੀ ਵਿਆਪਦੇ ਹਨ)। ਸੁਖ ਸੁਪਨੇ ਵਿਚ ਭੀ ਨਹੀਂ ਮਿਲਦਾ। 24।

ਭਾਵ:- ਮਾਇਆ ਦੇ ਰੰਗ ਤਮਾਸ਼ੇ ਕਸੁੰਭੇ ਦੇ ਫੁੱਲ ਵਰਗੇ ਹੀ ਹਨ। ਇਹਨਾਂ ਵਿਚ ਫਸੇ ਰਿਹਾਂ ਸੁਖ ਨਹੀਂ ਮਿਲ ਸਕਦਾ।